ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਖਰਚਾ-4 ਸ਼ਾਖਾ)

ਸੇਵਾ ਵਿਖੇ,

1) ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,
2) ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
3) ਡਵੀਜ਼ਨਾਂ ਦੇ ਕਮਿਸ਼ਨਰਜ਼,
4) ਸਮੂਹ ਡਿਪਟੀ ਕਮਿਸ਼ਨਰਜ਼, ਜ਼ਿਲ੍ਹਾ ਸੈਸ਼ਨ ਜੱਜ,
5) ਰਜਿਸਟਰਾਰ ਜਨਰਲ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
6) ਸਕੱਤਰ;.ਪੰਜਾਬ ਵਿਧਾਨ ਸਭਾ।

ਮੀਮੋ ਨੰ: FD-FE-40DPA/1/2023-5FE4/ 163-168

ਮਿਤੀ, ਚੰਡੀਗੜ੍ਹ: 17/04/2023

ਵਿਸ਼ਾ: **ਅੰਦਰੂਨੀ ਪੜਤਾਲ ਸੰਸਥਾ (ਮ) ਵੱਲੋਂ ਪੰਜਾਬ ਰਾਜ ਦੇ ਵੱਖ-2 ਵਿਭਾਗਾਂ/ ਅਦਾਰਿਆਂ ਦਾ ਆਡਿਟ ਕਰਨ ਲਈ Audit Management System (AMS) ਲਾਗੂ ਕਰਨ ਸਬੰਧੀ।**

***

ਵਿਸ਼ੇ ਅੰਕਿਤ ਮਾਮਲੇ ਸਬੰਧੀ ਵਿੱਤ ਵਿਭਾਗ, ਪੰਜਾਬ ਵੱਲੋਂ ਪੰਜਾਬ ਰਾਜ ਦੇ ਵੱਖ ਵੱਖ ਵਿਭਾਗਾਂ/ਅਦਾਰਿਆਂ ਵਿੱਚ ਆਡਿਟ ਦੇ ਕੰਮ ਕਾਜ ਵਿੱਚ ਵਧੇਰੇ ਪਾਰਦਰਸ਼ਤਾ, ਆਡਿਟ ਪੈਰਿਆਂ ਦੀ ਮੋਨੀਟਰਿੰਗ ਅਤੇ ਨਿਪਟਾਰੇ ਵਿੱਚ ਤੇਜ਼ੀ ਲਿਆਉਣ ਦੇ ਮੰਤਵ ਨਾਲ ਅੰਦਰੂਨੀ ਪੜਤਾਲ ਸੰਸਥਾ (ਮਾਲ), ਪੰਜਾਬ ਰਾਹੀਂ NIC ਦੀ ਸਹਾਇਤਾ ਨਾਲ Audit Management System (AMS) ਤਿਆਰ ਕਰਨ ਉਪਰੰਤ ਪੰਜਾਬ ਰਾਜ ਵਿੱਚ ਅਧਿਕਾਰਤ ਤੌਰ ਤੇ ਲਾਗੂ ਕਰ ਦਿੱਤਾ ਗਿਆ ਹੈ। ਇਸ ਲਈ ਭਵਿੱਖ ਵਿੱਚ ਅੰਦਰੂਨੀ ਪੜਤਾਲ ਸੰਸਥਾਂ(ਮਾਲ) ਦੁਆਰਾ ਪੰਜਾਬ ਰਾਜ ਦੇ ਵੱਖ-2 ਵਿਭਾਗਾਂ/ਅਦਾਰਿਆਂ ਦਾ ਆਡਿਟ ਉਕਤ ਆਡਿਟ ਸਿਸਟਮ ਰਾਹੀਂ ਕੀਤਾ ਜਾਵੇਗਾ।

(ii) ਆਡਿਟ ਮੈਨੇਜਮੈਂਟ ਸਿਸਟਮ (AMS) ਦੇ ਲਾਗੂ ਹੋਣ ਨਾਲ ਸਮੂਹ ਪ੍ਰਬੰਧਕੀ ਸਕੱਤਰ, ਵਿਭਾਗਾਂ ਦੇ ਮੁੱਖੀ /ਡੀ.ਡੀ.ਓ ਆਪਣੇ ਵਿਭਾਗ/ਦਫ਼ਤਰ ਨਾਲ ਸਬੰਧਤ ਅੰਦਰੂਨੀ ਪੜਤਾਲ ਸੰਸਥਾ(ਮਾਲ), ਵਿੱਤ ਵਿਭਾਗ ਦੇ ਪੈਂਡਿੰਗ ਆਡਿਟ ਪੈਰ੍ਹਿਆਂ ਦੀ ਤਾਜ਼ਾ ਸਥਿਤੀ ਸਬੰਧੀ ਜਾਣੂ ਰਹਿ ਸਕਣਗੇ ਅਤੇ ਲੋੜੀਂਦੀ Monitoring ਵੀ ਕਰ ਸਕਣਗੇ।

(iii) ਆਡਿਟ ਮੈਨੇਜਮੈਂਟ ਸਿਸਟਮ (AMS) ਰਾਹੀਂ ਅੰਦਰੂਨੀ ਪੜਤਾਲ ਸੰਸਥਾ (ਮਾਲ) ਵੱਲੋਂ ਕੀਤੇ ਜਾਣ ਵਾਲੇ ਆਡਿਟ ਦੀ ਸਬੰਧਤ ਵਿਭਾਗ ਨੂੰ ਸੂਚਨਾ ਤੋਂ ਲੈ ਕੇ ਆਡਿਟ ਰਿਪੋਰਟ ਸਬਮਿਟ ਹੋਣ ਤੱਕ ਦਾ ਸਾਰਾ process ਆਡਿਟ ਮੈਨੇਜਮੈਂਟ ਸਿਸਟਮ (AMS) ਰਾਹੀਂ ਕੀਤਾ ਜਾਵੇਗਾ ਅਤੇ ਸਬੰਧਤ ਡੀ.ਡੀ.ਓਜ਼/ਦਫ਼ਤਰ ਵੱਲੋਂ ਆਡਿਟ ਪੈਰ੍ਹਿਆਂ ਦੇ ਜਵਾਬ ਵੀ ਇਸ ਸਿਸਟਮ ਰਾਹੀਂ ਹੀ ਦਿੱਤੇ ਜਾਣਗੇ।

(ਇਸ ਸਬੰਧੀ AMS ਦਾ User Manual ਨਾਲ ਨੱਥੀ ਕੀਤਾ ਜਾਂਦਾ ਹੈ)।

(iv) ਅੰਦਰੂਨੀ ਪੜਤਾਲ ਸੰਸਥਾ (ਮ) ਦੇ ਰਿਕਾਰਡ ਅਨੁਸਾਰ ਸਮੂਹ ਵਿਭਾਗਾਂ ਦੇ ਵੱਖ ਵੱਖ ਮੱਦਾਂ ਅਧੀਨ ਪੈਂਡਿੰਗ ਆਡਿਟ ਪੈਰਿਆਂ ਸਬੰਧੀ ਲੀਗੇਸੀ ਡਾਟਾ AMS ਵਿੱਚ upload ਕੀਤਾ ਜਾ ਚੁੱਕਾ/ਜਾ ਰਿਹਾ ਹੈ। ਆਡਿਟ ਮੈਨੇਜਮੈਂਟ ਸਿਸਟਮ (AMS) ਵਿੱਚ ਸਮੂਹ DDOs https://ams.punjab.gov.in/login ਤੇ ਆਪਣੇ IFMS DDOs Credentials ਨਾਲ login ਕਰ ਸਕਦੇ ਹਨ ਅਤੇ ਆਪਣੇ ਵਿਭਾਗ/ਦਫ਼ਤਰ ਨਾਲ ਸਬੰਧਤ ਆਡਿਟ ਪੈਰਿਆਂ ਦਾ ਲੀਗੇਸੀ ਡਾਟਾ ਦੇਖ ਸਕਦੇ ਹਨ ਅਤੇ ਸਬੰਧਤ ਦਫਤਰ ਦੇ ਰਿਕਾਰਡ ਵਿੱਚ ਦਰਜ ਅੰਦਰੂਨੀ ਪੜਤਾਲ ਸੰਸਥਾ (ਮ) ਦੇ

Scanned with OKEN Scanner

ਪੈਂਡਿੰਗ ਪੈਰ੍ਹਿਆਂ/ਰਿਪੋਰਟਾਂ ਨੂੰ AMS ਵਿੱਚ upload ਕੀਤੇ ਪੈਰਿਆਂ/ਰਿਪੋਰਟਾਂ ਨਾਲ ਵੈਰੀਫਾਈ ਕਰ ਸਕਦੇ ਹਨ। ਪੈਰਿਆਂ ਦੇ ਲੀਗੇਸੀ ਡਾਟਾ ਵਿੱਚ ਕਿਸੇ ਵੀ ਤਰ੍ਹਾਂ ਦਾ ਅੰਤਰ ਹੋਣ ਦੀ ਸੂਰਤ ਵਿੱਚ ਸਬੰਧਤ ਦਫਤਰ/ਡੀ.ਡੀ.ਓ. ਸਬੰਧਤ ਜਿਲ੍ਹਾ ਅੰਦਰੂਨੀ ਪੜਤਾਲ ਸੰਸਥਾ(ਮਾਲ) ਦੇ ਦਫ਼ਤਰ ਨਾਲ ਤਾਲਮੇਲ ਕਰਕੇ ਲੋੜੀਂਦੀ ਸੋਧ/updation ਵੀ ਕਰਵਾ ਸਕਦੇ ਹਨ।

(ਜ਼ਿਲ੍ਹਾ ਵਾਈਜ਼ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਦੇ ਨਾਮ ਅਤੇ ਮੋਬਾਈਲ ਨੰਬਰ ਅਨੁਲੱਗ-ੳ ਅਨੁਸਾਰ ਨੱਥੀ ਕੀਤੇ ਜਾਂਦੇ ਹਨ)।

(v) ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਵਿਭਾਗ ਵਿੱਚ ਸਮੂਹ ਦਫਤਰਾਂ ਦੇ ਮੁੱਖੀ/ਡੀ.ਡੀ.ਓ/ਸਬੰਧਤਾਂ ਨੂੰ ਉਕਤ ਸਬੰਧੀ ਜਾਣੂ ਕਰਵਾਇਆ ਜਾਵੇ ਤਾਂ ਜੋ Audit Management System (AMS) ਦੇ ਲਾਗੂ ਕਰਨ ਕਰਕੇ ਵਿੱਤੀ ਪ੍ਰਬੰਧਨ ਦੇ ਅਸਲ ਮਕਸਦ ਨੂੰ ਪੂਰਾ ਕੀਤਾ ਜਾ ਸਕੇ।

ਅਧੀਨ ਸਕੱਤਰ, ਵਿੱਤ

ਅੰ.ਵਿ.ਪੱ.ਨੰ; FD-FE-40DPA/1/2023-5FE4/ 169 ਮਿਤੀ, ਚੰਡੀਗੜ੍ਹ: 17-04-2023

ਉਪਰੋਕਤ ਦਾ ਉਤਾਰਾ ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ (ਮਾਲ) ਪੰਜਾਬ, ਚੰਡੀਗੜ੍ਹ ਨੂੰ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਨਾਉਣ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਵਿੱਤ

ਅੰ.ਵਿ.ਪੱ.ਨੰ; FD-FE-40DPA/1/2023-5FE4/170-172 ਮਿਤੀ, ਚੰਡੀਗੜ੍ਹ: 17-04-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਪ੍ਰਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ।
2. ਪ੍ਰਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ।
3. ਸਕੱਤਰ, ਵਿੱਤ ਮੰਤਰੀ, ਪੰਜਾਬ।

ਅਧੀਨ ਸਕੱਤਰ, ਵਿੱਤ

ਪਿੱਠ ਅੰ.ਨੰ; FD-FE-40DPA/1/2023-5FE4/173-175 ਮਿਤੀ, ਚੰਡੀਗੜ੍ਹ: 17-04-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
2. ਸਟੇਟ ਇੰਨਫਰਮੇਸ਼ਨ ਅਫਸਰ, NIC,ਪੰਜਾਬ, ਸਿਵਲ ਸਕੱਤਰੇਤ, ਚੰਡੀਗੜ੍ਹ।
3. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਵਿੱਤ, ਪੀ. ਏ./ਸਕੱਤਰ ਵਿੱਤ, ਪੀ.ਏ./ਸਕੱਤਰ, ਖਰਚਾ-ਕਮ ਡਾਇਰੈਕਟਰ ਖਜਾਨਾ ਤੇ ਲੇਖਾ, ਪੰਜਾਬ, ਚੰਡੀਗੜ੍ਹ।

ਅਧੀਨ ਸਕੱਤਰ, ਵਿੱਤ

Scanned with OKEN Scanner

# ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-4/1( )2024/ ਮਿਤੀ 12.4.2024

ਉਪਰੋਕਤ ਦਾ ਉਤਾਰਾ ਸਮੂਹ ਸਸਸਸ/ਸਹਸ/ਸਮਸ ਜਿਲਾ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ

Scanned with OKEN Scanner

ਅਨੁਲੱਗ-ੳ

| ਲੜੀ ਨੰ: | ਦਫ਼ਤਰ ਦਾ ਨਾਂ | ਦਫ਼ਤਰ ਅਧੀਨ ਆਉਂਦੇ ਜਿਲ੍ਹੇ | ਦਫ਼ਤਰ ਵਿੱਚ ਤੈਨਾਤ ਡਿਪਟੀ ਕੰਟਰੋਲਰ ਦਾ ਨਾਂ ਅਤੇ ਮੋਬਾਇਲ ਨੰਬਰ |
|---|---|---|---|
| 1 | ਅੰਦਰੂਨੀ ਪੜਤਾਲ ਸੰਸਥਾ (ਮ), ਅੰਮ੍ਰਿਤਸਰ | ਅੰਮ੍ਰਿਤਸਰ<br>ਤਰਨਤਾਰਨ | ਸ੍ਰੀ ਅਮਨ ਕੁਮਾਰ ਸੇਠੀ<br>9915346900 |
| 2 | ਅੰਦਰੂਨੀ ਪੜਤਾਲ ਸੰਸਥਾ (ਮ), ਬਠਿੰਡਾ | ਬਠਿੰਡਾ<br>ਮਾਨਸਾ | ਸ੍ਰੀ ਅਸ਼ਵਨੀ ਗੋਇਲ<br>9876424368 |
| 3 | ਅੰਦਰੂਨੀ ਪੜਤਾਲ ਸੰਸਥਾ (ਮ), ਫਿਰੋਜ਼ਪੁਰ | ਫਿਰੋਜ਼ਪੁਰ<br>ਫਾਜ਼ਿਲਕਾ | ਸ੍ਰੀ ਅਲੋਕ ਜਿੰਦਲ<br>9501007159 |
| 4 | ਅੰਦਰੂਨੀ ਪੜਤਾਲ ਸੰਸਥਾ (ਮ), ਫਰੀਦਕੋਟ | ਫਰੀਦਕੋਟ<br>ਸ੍ਰੀ ਮੁਕਤਸਰ ਸਾਹਿਬ | ਸ੍ਰੀ ਕ੍ਰਿਸ਼ਨ ਕੁਮਾਰ ਹਾਂਡਾ<br>9815760549 |
| 5 | ਅੰਦਰੂਨੀ ਪੜਤਾਲ ਸੰਸਥਾ (ਮ), ਗੁਰਦਾਸਪੁਰ | ਗੁਰਦਾਸਪੁਰ<br>ਪਠਾਨਕੋਟ | ਸ੍ਰੀ ਜਤਿੰਦਰ ਸ਼ਰਮਾਂ<br>9779152025 |
| 6 | ਅੰਦਰੂਨੀ ਪੜਤਾਲ ਸੰਸਥਾ (ਮ), ਹੁਸ਼ਿਆਰਪੁਰ | ਹੁਸ਼ਿਆਰਪੁਰ | ਸ੍ਰੀ ਅਰੁਣ ਕੁਮਾਰ ਦੀਵਾਨ<br>9646004243 |
| 7 | ਅੰਦਰੂਨੀ ਪੜਤਾਲ ਸੰਸਥਾ (ਮ), ਕਪੂਰਥਲਾ | ਕਪੂਰਥਲਾ | ਸ੍ਰੀ ਸ਼ੀਤਲ ਮੋਹਨ<br>9888067020 |
| 8 | ਅੰਦਰੂਨੀ ਪੜਤਾਲ ਸੰਸਥਾ (ਮ), ਜਲੰਧਰ | ਜਲੰਧਰ<br>ਨਵਾਂ ਸ਼ਹਿਰ | ਸ੍ਰੀ ਮਲਕੀਤ ਸਿੰਘ<br>9478673761<br>8725823397 |
| 9 | ਅੰਦਰੂਨੀ ਪੜਤਾਲ ਸੰਸਥਾ (ਮ), ਲੁਧਿਆਣਾ | ਲੁਧਿਆਣਾ<br>ਮੋਗਾ | ਸ੍ਰੀ ਰਛਪਾਲ ਸਿੰਘ<br>9855723505 |
| 10 | ਅੰਦਰੂਨੀ ਪੜਤਾਲ ਸੰਸਥਾ (ਮ), ਪਟਿਆਲਾ | ਪਟਿਆਲਾ<br>ਸ੍ਰੀ ਫ਼ਤਿਹਗੜ੍ਹ ਸਾਹਿਬ | ਸ੍ਰੀ ਪੰਕਜ਼ ਰੇਖੀ<br>9417330330 |
| 11 | ਅੰਦਰੂਨੀ ਪੜਤਾਲ ਸੰਸਥਾ (ਮ), ਰੋਪੜ | ਰੋਪੜ<br>ਮੋਹਾਲੀ | ਸ੍ਰੀਮਤੀ ਕੁਲਦੀਪ ਕੌਰ<br>9417865792 |
| 12 | ਅੰਦਰੂਨੀ ਪੜਤਾਲ ਸੰਸਥਾ (ਮ), ਸੰਗਰੂਰ | ਸੰਗਰੂਰ<br>ਬਰਨਾਲਾ | ਸ੍ਰੀ ਰਕੇਸ਼ ਕੁਮਾਰ<br>9814801780 |

Scanned with OKEN Scanner